Halton District School Board

Punjabi

13 ਦਿਸੰਬਰ, 2021

**HDSB ਪਰਿਵਾਰਾਂ ਲਈ ਸਰਦੀਆਂ ਦੀਆਂ ਛੁੱਟੀਆਂ ਸਬੰਧੀ ਜਾਣਕਾਰੀ**

ਪਿਆਰੇ HDSB ਪਰਿਵਾਰ,

ਅਸੀਂ ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਜਨਵਰੀ ਵਿੱਚ ਤੁਹਾਡੀ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਜਾਣਕਾਰੀ ਦੇਣ ਵਾਸਤੇ ਲਿਖ ਰਹੇ ਹਾਂ।

## ਕੋਵਿਡ-19 ਰੈਪਿਡ ਐਂਟੀਜੈਨ ਜਾਂਚ ਕਿਟਸ

ਓਂਟੈਰੀਓ ਸਰਕਾਰ ਵਿਅਕਤੀਗਤ ਤੌਰ 'ਤੇ ਪੜ੍ਹਣ ਵਾਲੇ ਓਂਟੈਰੀਓ ਦੇ ਸਾਰੇ ਵਿਦਿਆਰਥੀਆਂ ਨੂੰ ਘਰ ਲਿਜਾਣ ਵਾਲੀ ਕੋਵਿਡ-19 ਰੈਪਿਡ ਐਂਟੀਜੈਨ ਜਾਂਚ ਕਿਟਸ ਦੇ ਰਹੀ ਹੈ। ਵੀਰਵਾਰ, 16 ਦਿਸੰਬਰ ਨੂੰ HDSB ਦੇ ਸਾਰੇ ਵਿਦਿਆਰਥੀਆਂ ਨੂੰ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਵਰਤੋਂ ਕਰਨ ਲਈ ਆਪਣੇ ਨਾਲ ਘਰ ਲਿਜਾਣ ਲਈ ਸੀਲਬੰਦ ਕਿਟ ਵਾਲੇ ਪੰਜ (5) ਟੈਸਟ ਮਿਲਣਗੇ। ਪਰਿਵਾਰਾਂ ਨੂੰ ਸਰਦੀਆਂ ਦੀਆਂ ਛੁੱਟੀਆਂ ਵਿੱਚ ਆਪਣੇ ਬੱਚੇ ਦੇ ਨਾਲ ਰੈਪਿਡ ਐਂਟੀਜੈਨ ਟੈਸਟ ਕਰਨ ਲਈ ਪ੍ਰੇਰਿਆ ਜਾਂਦਾ ਹੈ।

ਰੈਪਿਡ ਐਂਟੀਜੈਨ ਟੈਸਟਾਂ ਦੀ ਵਰਤੋਂ ਸਿਰਫ਼ ਉਹਨਾਂ ਵਿਅਕਤੀਆਂ ਦਾ ਟੈਸਟ ਕਰਨ ਲਈ ਕੀਤੀ ਜਾਂਦੀ ਹੈ, ਜਿਹਨਾਂ ਵਿੱਚ ਕੋਈ **ਲੱਛਣ ਨਹੀਂ** ਹੁੰਦੇ (ਉਦਾਹਰਣ ਲਈ, ਉਹ ਲੋਕ, ਜਿਹਨਾਂ ਵਿੱਚ ਕੋਵਿਡ-19 ਦੇ ਕੋਈ ਲੱਛਣ ਨਹੀਂ ਹਨ ਅਤੇ ਉਹ ਕੋਵਿਡ-19 ਦੇ ਪੁਸ਼ਟੀਸ਼ੁਦਾ ਕੇਸ ਦੇ ਸੰਪਰਕ ਵਿੱਚ ਨਹੀਂ ਆਏ ਸੀ)।

ਪਰਿਵਾਰਾਂ ਨੂੰ ਕੋਵਿਡ-19 ਰੈਪਿਡ ਐਂਟੀਜੈਨ ਜਾਂਚ ਕਿਟਸ ਸਬੰਧੀ ਹੇਠਾਂ ਦਿੱਤੀ ਅਹਿਮ ਜਾਣਕਾਰੀ ਦਾ ਜਾਇਜ਼ਾ ਲੈਣ ਲਈ ਕਿਹਾ ਜਾਂਦਾ ਹੈ, ਇਸ ਵਿੱਚ ਸ਼ਾਮਿਲ ਹੁੰਦਾ ਹੈ ਕਿ ਟੈਸਟਾਂ ਦੀ ਵਰਤੋਂ ਕਦੋਂ ਅਤੇ ਕਿਵੇਂ ਕਰਨੀ ਹੈ:

- ਕੋਵਿਡ-19 ਰੈਪਿਡ ਐਂਟੀਜੈਨ ਜਾਂਚ ਕਿਟਸ ਸਬੰਧੀ ਪਰਿਵਾਰਾਂ ਲਈ ਜਾਣਕਾਰੀ
- ਘਰ ਵਿੱਚ ਕੋਵਿਡ-19 ਰੈਪਿਡ ਐਂਟੀਜੈਨ ਟੈਸਟ ਦੀ ਵਰਤੋਂ ਕਿਵੇਂ ਕਰੋ

*ਜਾਂਚ ਕਿਟਸ ਲੈਣ ਵੇਲੇ ਵਿਦਿਆਰਥੀਆਂ ਨੂੰ ਇਹਨਾਂ ਦੋ ਦਸਤਾਵੇਜ਼ਾਂ ਦੀਆਂ ਹਾਰਡਕਾਪੀਆਂ (ਦਸਤਾਵੇਜ਼) ਦਿੱਤੀਆਂ ਜਾਣਗੀਆਂ।*

## ਜਨਵਰੀ 2022 ਲਈ ਸਕੂਲ ਜਾਂਚ ਦੀ ਪੁਸ਼ਟੀ ਸਬੰਧੀ ਜ਼ਰੂਰਤਾਂ

ਸਰਦੀਆਂ ਦੀਆਂ ਛੁੱਟੀਆਂ ਤੋਂ ਬਾਅਦ ਸਕੂਲ ਦੇ ਪਹਿਲੇ ਦੋ ਹਫ਼ਤਿਆਂ (3-14 ਜਨਵਰੀ, 2022) ਲਈ ਸਾਰੇ ਕਿੰਡਰਗਾਰਟਨ – ਗ੍ਰੇਡ 12 ਦੇ ਵਿਦਿਆਰਥੀਆਂ ਨੂੰ ਰੋਜ਼ਾਨਾ ਪੁਸ਼ਟੀ ਦੇ ਸਮੇਂ ਜ਼ਰੂਰ ਮੌਜੂਦ ਰਹਿਣਾ ਚਾਹੀਦਾ ਹੈ ਕਿ ਉਹਨਾਂ ਨੇ ਓਂਟੈਰੀਓ ਸਰਕਾਰ ਦਾ ਔਨਲਾਈਨ ਕੋਵਿਡ-19 ਸਕੂਲ ਜਾਂਚ ਟੂਲ ਪੂਰਾ ਕਰ ਲਿਆ ਹੈ। ਇਸ ਪੁਸ਼ਟੀ ਨੂੰ ਰੋਜ਼ ਕਿਵੇਂ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਸਬੰਧੀ ਜਾਣਕਾਰੀ ਤੁਹਾਡਾ ਸਕੂਲ ਮੁਹੱਈਆ ਕਰਾਏਗਾ। 14 ਜਨਵਰੀ ਤੋਂ ਬਾਅਦ ਵੀ ਜਾਂਚ ਟੂਲ ਨੂੰ ਰੋਜ਼ ਪੂਰਾ ਕਰਨਾ ਜ਼ਰੂਰੀ ਹੋਏਗਾ।

ਇੱਕ ਰਿਮਾਇੰਡਰ ਵਜੋਂ, ਹਰਾਰਤ ਮਹਿਸੂਸ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਕੂਲ ਨਹੀਂ ਜਾਣਾ ਚਾਹੀਦਾ। ਸਕੂਲ ਜਾਣ ਤੋਂ ਪਹਿਲਾਂ ਰੋਜ਼ ਸਾਰੇ ਵਿਦਿਆਰਥੀਆਂ, ਸਟਾਫ਼ ਅਤੇ ਵਿਜ਼ਿਟਰਾਂ ਦੀ ਬਿਮਾਰੀ ਦੇ ਲੱਛਣਾਂ ਦੀ ਜਾਂਚ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ। ਮਾਤਾ-ਪਿਤਾ/ਸਰਪ੍ਰਸਤਾਂ (ਅਤੇ 18+ ਦੇ ਵਿਦਿਆਰਥੀਆਂ) ਨੂੰ ਸਕੂਲ ਜਾਣ ਤੋਂ ਪਹਿਲਾਂ ਰੋਜ਼ ਹਰ ਬੱਚੇ ਲਈ ਓਂਟੈਰੀਓ ਸਰਕਾਰ ਦਾ ਔਨਲਾਈਨ ਕੋਵਿਡ-19 ਸਕੂਲ ਜਾਂਚ ਟੂਲ ਜ਼ਰੂਰ ਮੁਕੰਮਲ ਕਰਨਾ ਚਾਹੀਦਾ ਹੈ।

## HDSB ਕੋਵਿਡ-19 ਦੇ ਕੇਸਾਂ ਬਾਰੇ ਪਰਿਵਾਰਾਂ ਨੂੰ ਦੱਸਦਾ ਰਹੇਗਾ

18-31 ਦਿਸੰਬਰ, 2021 ਤੱਕ ਸਰਦੀਆਂ ਦੀਆਂ ਛੁੱਟੀਆਂ ਦੌਰਾਨ, ਹਾਲਟਨ ਰਿਜਨ ਪਬਲਿਕ ਹੈਲਥ ਦੇ ਨਾਲ HDSB ਕੋਵਿਡ-19 ਦੇ ਪੁਸ਼ਟੀਸ਼ੁਦਾ ਕੇਸਾਂ ਬਾਰੇ ਪਰਿਵਾਰਾਂ ਅਤੇ ਸਟਾਫ਼ ਨੂੰ ਦੱਸਦਾ ਰਹੇਗਾ, ਜੇ ਸਕੂਲ ਸਮੇਂ ਦੌਰਾਨ ਵਿਦਿਆਰਥੀ/ਸਟਾਫ਼ ਪਾੱਜ਼ਿਟਿਵ ਕੇਸ ਦੇ ਸੰਪਰਕ ਵਿੱਚ ਆਇਆ ਸੀ। ਪਰਿਵਾਰਾਂ ਨੂੰ ਬਾਕਾਇਦਗੀ ਨਾਲ ਆਪਣੀ ਈਮੇਲ ਵੇਖਣ ਲਈ ਚੇਤਾ ਕਰਾਇਆ ਜਾਂਦਾ ਹੈ। HDSB ਦੀ ਵੈਬਸਾਈਟ (hdsb.ca) 'ਤੇ ਕੋਵਿਡ-19 ਐਡਵਾਈਜ਼ਰੀ, ਜਿਸ ਵਿੱਚ HDSB ਸਕੂਲਾਂ ਵਿਚਲੇ ਪੁਸ਼ਟੀਸ਼ੁਦਾ ਕੇਸਾਂ ਅਤੇ ਕਲਾਸਰੂਮ ਬੰਦ ਹੋਣ ਸਬੰਧੀ ਜਾਣਕਾਰੀ ਦਿੱਤੀ ਹੁੰਦੀ ਹੈ, ਪਰ ਇਸ ਨੂੰ ਸਰਦੀਆਂ ਦੀਆਂ ਛੁੱਟੀਆਂ ਵਿੱਚ ਅਪਡੇਟ **ਨਹੀਂ** ਕੀਤਾ ਜਾਏਗਾ।

ਸਰਦੀਆਂ ਦੀਆਂ ਛੁੱਟੀਆਂ ਦੌਰਾਨ, ਜੇ ਤੁਹਾਡੇ ਬੱਚੇ ਦੇ ਕੋਵਿਡ-19 ਦੇ ਟੈਸਟ ਨਤੀਜੇ ਪਾੱਜ਼ਿਟਿਵ ਹਨ, ਤਾਂ ਕਿਰਪਾ ਕਰਕੇ 3-1-1 'ਤੇ ਕਾੱਲ ਕਰਕੇ ਸਿੱਧਿਆਂ ਹਾਲਟਨ ਰਿਜਨ ਪਬਲਿਕ ਹੈਲਥ ਨਾਲ ਸੰਪਰਕ ਕਰੋ।

ਅਸੀਂ HDSB ਦੇ ਸਾਰੇ ਪਰਿਵਾਰਾਂ ਲਈ ਸਰਦੀਆਂ ਦੀਆਂ ਛੁੱਟੀਆਂ ਸੁਰੱਖਿਅਤ ਅਤੇ ਅਨੰਦ ਨਾਲ ਮਾਣਨ ਦੀ ਦੁਆ ਕਰਦੇ ਹਾਂ।

ਹਿਤੂ,

ਹਾਲਟਨ ਡਿਸਟ੍ਰਿਕਟ ਸਕੂਲ ਬੋਰਡ